ਰਾਜ ਦੇ ਆਮ ਕੋਰ ਮਿਆਰ

ਅਕਸਰ ਪੁਛੇ ਜਾਣ ਵਾਲੇ ਸਵਾਲ (FAQ)

ਨਜੂ ਯਾਰ੍ਕ ਭਰ ਦੇ ਮਾਪੇ ਰਾਜ ਦੇ ਆਮ ਕੋਰ ਮਿਆਰ ਬਾਰੇ ਹੋਰ ਜਾਨਣਾ ਚਾਹੁੰਦੇ ਹਨ। ਹੇਠਾਂ ਤੁਹਾਡੇ ਮਿਆਰ ਬਾਰੇ ਕੁਝ ਅਕਸਰ ਪੁਛੇ ਜਾਣ ਵਾਲੇ ਸਵਾਲ ਅਤੇ ਜਵਾਬ ਮਿਲਣਗੇ। ਇਹ ਸਮੇ ਨਾਲ ਅੱਪਡੇਟ ਕੀਤੇ ਜਾਣਗੇ। ਆਮ ਕੋਰ ਦੇ ਨਾਲ ਆਪਣੇ ਸਕੂਲ ਦੇ ਕੰਮ ਬਾਰੇ ਹੋਰ ਸਿੱਖਣ ਲਈ ਆਪਣੇ ਬੱਚੇ ਦੇ ਅਧਿਆਪਕ ਜ ਪ੍ਰਿੰਸੀਪਲ ਨਾਲ ਸੰਪਰਕ ਕਰੋ ਜੀ।

ਸ: ਰਾਜ ਦੇ ਆਮ ਕੋਰ ਮਿਆਰ ਕੀ ਹਨ?

ਜ : ਰਾਜ ਦੇ ਆਮ ਕੋਰ ਮਿਆਰ ਦਿਖਾਂਦੇ ਹਨ ਕਿ ਪਰੀ-K ਤੋਂ 12 ਗ੍ਰੇਡ ਵਿੱਚ ਦੇ ਵਿਦਿਆਰਥੀਆਂ ਨੂ ਅੰਗਰੇਜ਼ੀ ਭਾਸ਼ਾ ਕਲਾ ਅਤੇ ਗਣਿਤ ਵਿੱਚ ਕੀ ਜਾਨਣ ਅਤੇ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਮਿਆਰ ਰਾਜ ਭਰ ਦੇ ਸਾਰੇ ਵਿਦਿਆਰਥੀਆਂ ਨੂ ਇੱਕੋ ਜਹੇ ਹੁਨਰ ਸਿੱਖਣ ਵਿੱਚ ਮਦਦ ਕਰਨਗੇ। ਇਹ ਯਕੀਨੀ ਬਣਾ ਦੇਵੇਗਾ ਕਿ ਉਹ ਕਾਲਜ ਅਤੇ ਕਰੀਅਰ ਲਈ ਤਿਆਰ ਹਨ। ਮਿਆਰ ਵਿੱਚ ਬਦਲਾਅ, ਜ " ਪਰਵਰਤਨ," ਸ਼ਾਮਲ ਹਨ ਕਿ ਕਿਵੇਂ ਅਧਿਆਪਕ ਬੱਚੇ ਨੂੰ ਸਿਖਾਉਣ ਕਿ ਉਹ ਉਹਨਾ ਨੂ ਉਸ ਵਿਸ਼ੇ ਅਤੇ ਹੁਨਰ ਵਿਚ ਸਫਲ ਹੋਣ ਦੀ ਮਦਦ ਕਰੇ ਜੋ ਕਿ ਉਹਨਾ ਨੂ ਬਹੁਤ ਜਿਆਦਾ ਅਸਰ ਕਰਦੇ ਹਨ। ਮਿਆਰ ਸਾਰੇ ਨੌਜਵਾਨ ਲੋਕਾਂ ਨੂ ਕਾਲਜ ਅਤੇ ਕਰੀਅਰ ਲਈ ਤਿਆਰ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤੇ ਗਏ ਹਨ।

ਸ: ਕਿ ਆਮ ਮਿਆਰ ਹੋਣ ਦਾ ਮਤਲਬ ਹੈ ਕਿ ਹਰ ਕੋਈ ਘੱਟ ਸਿਖਿਆ ਕਰੇਗਾ?

ਜ: ਨਹੀ, ਰਾਜ ਦੇ ਆਮ ਕੋਰ ਮਿਆਰਾਂ ਨੂ ਦੇਸ਼ ਭਰ ਦੇ ਰਾਜਾਂ ਵਿਚੋਂ ਅਤੇ ਹੋਰ ਕੌਮਾਂ ਵਿਚੋਂ ਇਕੱਠੇ ਕੀਤੇ ਵਧਿਆ ਮਿਆਰਾਂ ਦੇ ਨਾਲ ਨਾਲ, ਉੱਚ ਸਿੱਖਿਆ ਅਤੇ ਕਮ ਵਿੱਚ ਸਫਲ ਹੋਣ ਦੀ ਲੋੜ ਤੇ ਕੀਤੀ ਗਈ ਵਿਆਪਕ ਰਿਸਰਚ **ਨੂ ਤੱਕ** ਤੱਕ ਬਣਾਇਆ ਗਿਆ ਹੈ। ਆਮ ਕੋਰ ਮਿਆਰ ਹਰੇਕ ਗ੍ਰੇਡ ਪੱਧਰ ਦੇ ਲਈ ਕੋਰ ਹੁਨਰ ਅਤੇ ਸੰਕਲਪ ਵਿਚ ਡੂੰਘੇ ਖੋਦਣ ਨੂੰ ਅਧਿਆਪਕ ਅਤੇ ਵਿਦਿਆਰਥੀ ਤੋਂ ਮੰਗ ਕਰਦੇ ਹਨ। ਇਸ ਦਾ ਮਤਲਬ ਹੈ ਕਿ ਵਿਦਿਆਰਥੀ ਘੱਟ ਵਿਸ਼ਿਆਂ ਬਾਰੇ ਬਹੁਤ ਕੁਝ ਹੋਰ ਸਿਖੰਗੇ। ਇਸ ਦਾ ਇਹ ਵੀ ਮਤਲਬ ਹੈ ਕਿ ਅਧਿਆਪਕ ਕੋਲ ਵਿਸ਼ਿਆਂ ਨੂ ਜਿਆਦਾ ਵਿਸਥਾਰ ਵਿੱਚ ਕਵਰ ਕਰਨ ਲਈ ਹੋਰ ਜਿਆਦਾ ਸਮਾਂ ਹੋਵੇਗਾ। ਇਹ ਵਿਦਾਰਥੀਆਂ ਨੂ ਅਸਲ ਵਿੱਚ ਕੀ ਉਪਦੇਸ਼ ਦਿੱਤੇ ਜਾ ਰਹੇ ਹਨ ਨੂ ਸਮਝਣ ਦਾ ਮੌਕਾ ਦਿੰਦਾ ਹੈ।

ਸ: ਕਿ ਮਿਆਰ ਅਧਿਆਪਕ ਨੂੰ ਦਸਦੇ ਹਨ ਕਿ ਕਿਵੇਂ ਪੜ੍ਹਾਇਆ ਜਾਏ?

ਜ: ਨਹੀ, ਉਹ ਅਧਿਆਪਕ ਦੇ ਵਧਿਆ ਕਲਾਸਰੂਮ ਸਬਕ ਅਤੇ ਬਚਿਆਂ ਦੇ ਕੰਮ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਲਈ ਇੱਕ ਸੰਦ ਹਨ। ਮਿਆਰ ਵਿਦਿਆਰਥੀ ਅਤੇ ਮਾਪਿਆਂ ਦੀ ਇਹ ਦਿਖਾ ਕੇ ਵੀ ਮਦਦ ਕਰਦੇ ਹਨ ਕਿ ਹਰੇਕ ਗ੍ਰੇਡ ਪੱਧਰ ਵਿੱਚ ਸਫਲ ਹੋਣ ਲਈ ਕੀ ਕਰਨਾ ਪੈਂਦਾ ਹੈ। ਉਹ ਅਧਿਆਪਕ, ਵਿਦਿਆਰਥੀ ਅਤੇ ਮਾਪਿਆਂ ਲਈ ਇੱਕ ਮਹੱਤਵਪੂਰਨ ਰਾਹ ਵੀ ਹੁੰਦੇ ਹਨ।

ਸ: ਮਿਆਰ ਕਿਸ ਤਰਾਂ ਤਿਆਰ ਕੀਤੇ ਗਏ ਸਨ ?

ਜ : ਛਜਾਲੀ ਰਾਜ ਮਿਲ ਕੇ ਮਾਹਿਰ, ਅਧਿਆਪਕ ਅਤੇ ਖੋਜਕਾਰ, ਲਗਭਗ 10,000 ਟਿੱਪਣੀ ਅਤੇ ਸੁਝਾਅ, ਜੋ ਕਿ ਜਿਆਦਾ ਨਯੂ ਯਾਰ੍ਕ ਦੇ ਅਧਿਆਪਕਾਂ ਅਤੇ ਮਾਪਿਆਂ ਵਲੋਂ ਸਨ ਦੇ ਨਾਲ ਰਾਜ ਦੇ ਕਾਮਨ ਕੋਰ ਮਿਆਰ ਲਿਖਣ ਲਈ ਲੈ ਆਏ। ਨਯੂ ਯਾਰ੍ਕ ਨੇ ਇਹ ਮਿਆਰ 2010 ਵਿਚ ਅਪਨਾਏ। ਮਿਆਰ ਸਾਡੇ ਕਲਾਸਰੂਮ ਲਈ ਚੰਗੀ-ਮੈਚ ਹਨ ਅਤੇ ਸਾਡੇ ਵਿਦਿਆਰਥੀਆਂ ਨੂ ਸਿੱਖਣ ਵਿੱਚ ਮਦਦ ਕਰਨਗੇ
ਹੋਰ. ਮਿਆਰ ਦਾ ਪੂਰਾ ਸਮੂਹ ਪੜ੍ਹਨ ਲਈ http://corestandards.org/the-standards ਤੇ ਜਾਓ ਜੀ।

ਸ: ਕਿ ਇਸ ਦਾ ਮਤਲਬ ਹੋਵੇਗਾ ਕਿ ਹੋਰ ਟੈਸਟ?
ਜ ਨਹੀ, ਰਾਜ ਦੇ ਆਮ ਕੋਰ ਮਿਆਰ ਦਾ ਮਤਲਬ ਹੋਰ ਟੈਸਟ ਨਹੀ। ਪਰ ਏਥੇ ਵੱਖ ਵੱਖ, ਅਤੇ ਬਿਹਤਰ, ਟੈਸਟ ਹੋਣਗੇ । ਅਪ੍ਰੈਲ 2013 ਵਿੱਚ ਸ਼ੁਰੂ ਕਰਕੇ ਨਯੂ ਯਾਰ੍ਕ ਸਟੇਟ ਮੁਆਇਨਾ ਯੂਨਿਟ 3 ਗਰੇਡ ਤੋਂ 8 ਗ੍ਰੇਡ ਦੇ ਵਿਦਾਰਥੀਆਂ ਦਾ ਅੰਗਰੇਜ਼ੀ ਭਾਸ਼ਾ ਆਰਟਸ ਅਤੇ ਗਣਿਤ ਵਿੱਚ ਆਮ ਕੋਰ ਦੇ ਗਿਆਨ ਅਤੇ ਹੁਨਰ ਦਾ ਟੈਸਟ ਕਰੇਗਾ। ਇਹ ਨਵੇ ਟੈਸਟ ਮਿਆਰ ਵਿੱਚ ਬਦਲਾਅ ਜਾ " ਪਰਵਰਤਨ," ਦਾ ਅਸਰ ਵੇਖਾਉਣਗੇ। ਟੈਸਟ ਇਹ ਯਕੀਨੀ ਬਣਾ ਦੇਣਗੇ ਕਿ ਵਿਦਿਆਰਥੀ ਅਪਣੀ ਗਰੇਡ-ਪੱਧਰ ਦੀ ਉਮੀਦ ਨੂੰ ਪੂਰਾ ਕਰ ਸਕਦੇ ਹਨ।
ਸ: ਕਿ ਇਹ ਨਵੇ ਟੈਸਟ ਔਖੇ ਹੋਣਗੇ?
ਜ: ਹੋ ਸਕਦਾ ਹੈ ਕਿ ਪਹਿਲੇ ਨਵੇ ਟੈਸਟ ਜ਼ਿਆਦਾ ਔਖੇ ਲੱਗਣ। ਇਹ ਆਮ ਹੁੰਦਾ ਹੈ। ਨਵੇ ਟੈਸਟ ਮਿਆਰਾਂ ਵਿੱਚ "ਪਰਵਰਤਨ " ਤੇ ਅਧਾਰਿਤ ਹੋਣਗੇ। ਸਮੇ ਨਾਲ, ਵਿਦਿਆਰਥੀ ਅਤੇ ਅਧਿਆਪਕ ਉਹਨਾ ਕੋਲੋਂ ਸਾਫ ਉਮੀਦਾਂ ਦੇ ਅਨੁਕੂਲ ਹੋ ਜਾਣਗੇ। ਇਹ ਵੀ ਸੰਭਾਵਨਾ ਹੁੰਦੀ ਹੈ, ਕਿ ਵਿਦਿਆਰਥੀ ਦੇ ਟੈਸਟ ਦੇ ਅੰਕ ਨਵੇ ਟੈਸਟ ਦੇ ਪਹਿਲੇ ਜ ਦੂਜੇ ਸਾਲ 'ਚ ਘਟ ਜਾਣ। ਪਰ, ਵਿਦਿਆਰਥੀ ਦੀ ਪ੍ਰਾਪਤੀ ਵਿੱਚ ਸੁਧਾਰ ਲਈ, ਟੈਸਟ ਇਕ ਮਹੱਤਵਪੂਰਨ ਸੰਦ, ਹਨ । ਨਵੇ ਟੈਸਟ ਪ੍ਰਿੰਸੀਪਲ ਅਤੇ ਅਧਿਆਪਕ ਨੂ ਇਹ ਪਛਾਣ ਕਰਨ ਵਿੱਚ ਮਦਦ ਕਰਣਗੇ ਕਿ ਕਿਹੜੇ ਵਿਦਿਆਰਥੀ ਨੂ ਸਫਲਤਾਪੂਰਵਕ ਅਗਲੇ ਗਰੇਡ ਪੱਧਰ ਤੇ ਜਾਣ ਲਈ ਵਾਧੂ ਸਹਾਇਤਾ ਦੀ ਲੋੜ ਪੈ ਸਕਦੀ ਹੈ।
ਸ: ਇਸ ਕੰਮ ਦਾ ਅਸਮਰਥਤਾ ਵਾਲੇ ਵਿਦਿਆਰਥੀ ਅਤੇ ਅੰਗਰੇਜ਼ੀ ਭਾਸ਼ਾ ਸਿਖਣ ਵਾਲੇ ਵਿਦਿਆਰਥੀ ਲਈ ਕੀ ਮਤਲਬ ਹੈ?
ਜ:ਮਿਆਰ ਅਧਿਆਪਕ ਨੂੰ ਵਿਸ਼ਾ ਜਿਆਦਾ ਵਿਸਥਾਰ ਵਿੱਚ ਕਵਰ ਕਰਨ ਲਈ ਹੋਰ ਸਮਾਂ ਦੇਣ ਵਿਚ ਮਦਦ ਕਰੇਗਾ। ਇਹ ਵਿਦਿਆਰਥੀ ਨੂ ਇਹ ਸਮਝਣ ਦਾ ਇਕ ਮੌਕਾ ਦਿੰਦਾ ਹੈ ਕਿ ਅਸਲ ਵਿਚ ਕੀ ਉਪਦੇਸ਼ ਦਿੱਤੇ ਜਾ ਰਹੇ ਹਨ। ਅੰਗਰੇਜ਼ੀ ਭਾਸ਼ਾ ਸਿਖਣ ਵਾਲੇ ਵਿਦਿਆਰਥੀਆਂ ਅਤੇ ਅਸਮਰਥਤਾ ਵਾਲੇ ਵਿਦਿਆਰਥੀਆਂ ਲਈ ਮਿਆਰ ਨੂੰ ਲਾਗੂ ਕਰਨ ਲਈ ਇੱਕ ਸਾਫ ਗਾਈਡ ਪ੍ਰਾਪਤ ਹੈ। ਇਸ ਦੇ ਨਾਲ ਨਾਲ, ਸਾਰੇ ਰਾਜ ਮਿਲ ਕੇ ਇਹਨਾ ਮੁੱਦਿਆਂ ਉਤੇ ਲਗਾਤਾਰ ਸੁਧਾਰ ਕਰਨ ਲਈ ਕੰਮ ਕਰਦੇ ਰਹਣਗੇ। ਇਹ ਸਭ ਸਿੱਖਣ ਵਾਲਿਆਂ ਲਈ ਇੱਕ ਮਜ਼ਬੂਤ ਸਹਿਯੋਗ ਸਿਸਟਮ ਬਣਨ ਦਾ ਨਤੀਜਾ ਹੋਵੇਗਾ।
ਸ: ਰਾਜ ਦੇ ਆਮ ਕੋਰ ਮਿਆਰ ਦਾ ਦੇਸ਼ ਭਰ ਦੇ ਵਿਦਿਆਰਥੀਆਂ ਲਈ ਕੀ ਮਤਲਬ ਹੋਵੇਗਾ?
ਜ:ਮਿਆਰ ਦੇਸ਼ ਭਰ ਦੇ ਵਿਦਿਆਰਥੀਆਂ ਦੀ ਸਿੱਖਿਆ ਲਈ ਸਾਫ ਉਮੀਦ ਪ੍ਰਦਾਨ ਕਰਦੇ ਹਨ। ਅਤੀਤ ਵਿੱਚ, ਹਰ ਰਾਜ ਦੇ ਆਪਣੇ ਹੀ ਵੱਖ ਵੱਖ ਅਕਾਦਮਿਕ ਮਿਆਰ ਦੇ ਸੈਟ ਸੀ। ਇਹ ਦਾ ਮਤਲਬ ਹੈ ਕਿ ਅਮਰੀਕੀ ਵਿਦਿਆਰਥੀ ਵੱਖ

ਵੱਖ ਹੁਨਰ ਅਤੇ ਸੰਕਲਪ ਵੱਖ ਵੱਖ ਰੇਟ ਤੇ ਸਿੱਖ ਰਹੇ ਸਨ। ਰਾਜ ਦੇ ਆਮ ਕੋਰ ਮਿਆਰ ਨਯੂ ਯਾਰ੍ਕ ਦੇ ਸਭ ਵਿਦਿਆਰਥੀਆਂ ਨੂ ਇਕੋ ਜਹੇ ਉਚ ਮਿਆਰ ਸਿੱਖਣ ਦਾ ਇੱਕ ਬਰਾਬਰ ਦਾ ਮੌਕਾ ਦੇਂਦੇ ਹਨ। ਇਹ ਕਾਲਜ, ਕੈਰੀਅਰ ਅਤੇ ਜੀਵਨ ਵਿੱਚ ਸਫਲਤਾ ਦਾ ਇੱਕ ਵੱਡਾ ਮੌਕਾ ਲੈਣ ਦੀ ਅਗਵਾਈ ਕਰਦਾ ਹੈ।

ਸ: ਜੇ ਮਿਆਰ ਉਠਾਏ ਗਏ ਤਾਂ ਕਿ ਇਹ ਸੰਭਾਵਿਤ ਹੈ ਕਿ ਵਧੇਰੇ ਵਿਦਿਆਰਥੀ ਸਕੂਲ ਛਡ ਕੇ ਜਾਣਗੇ ?

ਜ: ਇਸ ਦੀ ਵਧੇਰੇ ਸੰਭਾਵਨਾ ਨਹੀ ਹੈ ਕਿ ਵਿਦਿਆਰਥੀ ਸਕੂਲ ਛਡ ਕੇ ਜਾਣਗੇ। ਰਿਸਰਚ ਦਵਾਰਾ ਵੇਖਿਆ ਗਯਾ ਹੈ ਕਿ ਬਹੁਤ ਸਾਰੇ ਕਾਰਕ ਇਕਠੇ ਹੋ ਕੇ ਇੱਕ ਵਿਦਿਆਰਥੀ ਦੇ ਸਕੂਲ ਨੂ ਛਡਨ ਦਾ ਕਾਰਨ ਬਣਦੇ ਹਨ। ਰਿਸਰਚ ਦਵਾਰਾ ਇਹ ਵੀ ਵਿਖਾਇਆ ਗਿਆ ਹੈ ਕਿ ਵਿਦਿਆਰਥੀ ਸਕੂਲ ਵਿਚ ਹੋਰ ਚੁਣੌਤੀ ਚਾਹੁੰਦੇ ਹਨ। ਉਦਾਹਰਨ ਲਈ, 10 ਨੌਜਵਾਨ ਲੋਕਾਂ ਵਿਚੋਂ 7 ਜਿਨਾ ਨੂ ਸਕੂਲ ਤੋਂ ਬਾਹਰ ਕਰ ਦਿੱਤਾ ਸੀ ਨੇ ਕਿਹਾ ਕਿ ਉਹ ਹਾਈ ਸਕੂਲ ਵਿਚ ਨਾ ਹੀ ਉਤਸ਼ਾਹਿਤ ਕੀਤੇ ਗਏ ਯਾ ਸਖ਼ਤ ਕੰਮ ਕਰਨ ਲਈ ਪ੍ਰੇਰਿਤ ਕੀਤੇ ਗਏ । ਛਡ ਕੇ ਜਾਣ ਵਾਲਿਆਂ ਵਿਚੋਂ ਦੋ ਤਿਹਾਈ ਨੇ ਕਿਹਾ ਕਿ ਜੇਕਰ ਉਹਨਾ ਕੋਲੋਂ ਵਧੇਰੇ ਕਮ ਦੀ ਮੰਗ ਕੀਤੀ ਜਾਂਦੀ ਤੇ ਉਹ ਹੋਰ ਔਖਾ ਕੰਮ ਕਰਦੇ।(ਅਜਿਹੇ ਕਿ ਉੱਚ ਅਕਾਦਮਿਕ ਉਮੀਦ ਦੇ ਨਾਲ ਹੋਰ ਅਧਿਐਨ ਅਤੇ ਹੋਰ ਹੋਮਵਰਕ ਦੇ ਰੂਪ ਵਿੱਚ).1

ਸ: ਕਿ ਆਮ ਕੋਰ ਮਿਆਰ ਦਾ ਅੰਗਰੇਜ਼ੀ ਭਾਸ਼ਾ ਕਲਾ ਅਤੇ ਗਣਿਤ ਵਿੱਚ ਅਪਨਾਨਾ ਵਿਦਿਆਰਥੀ ਦੀ ਪਹੁੰਚ ਹੋਰ ਵਿਸ਼ਾ ਖੇਤਰ ਜਿਵੇਂ ਕਿ ਆਰਟਸ ਜ ਕਰੀਅਰ ਅਤੇ ਤਕਨੀਕੀ ਸਿੱਖਿਆ ਤੋਂ ਸੀਮਿਤ ਕਰਨ ਜਾ ਰਿਹਾ ਹੈ?

ਜ: ਨਹੀ, ਨਯੂ ਯਾਰ੍ਕ ਉਹ ਸਾਰੇ ਵਿਸ਼ੇ ਜੋ ਕਿ ਵਿਦਿਆਰਥੀ ਨੂ ਹਾਈ ਸਕੂਲ ਤੋਂ ਪਰੇ ਦੀ ਸਫਲਤਾ ਲਈ ਤਿਆਰ ਕਰਨ ਵਿੱਚ ਮਹੱਤਤਾ ਰਖਦੇ ਹਨ ਨੂੰ ਸਮਝਦਾ ਹੈ। ਹਰ ਤਰਾਂ ਤੋਂ ਚੰਗੇ ਵਿਦਿਆਰਥੀਆਂ ਦਾ ਗ੍ਰੈਜੂਏਟ ਹੋਣਾ ਰਾਜ ਦੇ ਭਵਿੱਖ ਲਈ ਜ਼ਰੂਰੀ ਹੈ। ਸਾਫ਼ ਆਮ ਕੋਰ ਮਿਆਰ ਅਸਲ ਵਿੱਚ ਅਧਿਆਪਕ ਨੂ ਵਿਸ਼ੇ ਖੇਤਰ ਭਰ ਦੇ ਸਿੱਖਣ ਨੂੰ ਏਕੀਕਿਰਤ ਕਰਨ ਵਿੱਚ ਮਦਦ ਕਰਣਗੇ। ਇਸ ਦਾ ਮਤਲਬ ਹੈ ਕਿ ਵਿਦਿਆਰਥੀ ਨੂ ਉਹ ਸਬਕ ਦਿੱਤੇ ਜਾਣਗੇ ਜੋ ਗਣਿਤ, ਵਿਗਿਆਨ, ਸਮਾਜਿਕ ਅਧਿਐਨ, ਅੰਗਰੇਜ਼ੀ ਭਾਸ਼ਾ ਕਲਾ ਅਤੇ ਹੋਰ ਵਿਸ਼ਿਆਂ ਨੂ ਜੋੜਨਗੇ।

ਸ: ਕਿ ਰਾਜ ਦੇ ਆਮ ਕੋਰ ਮਿਆਰ ਅਵਾਸਤਵਿਕ ਉੱਚ ਆਸ ਬਣਾ ਕੇ ਘੱਟ ਪ੍ਰਦਰਸ਼ਨ ਕਰ ਰਹੇ ਸਕੂਲ 'ਚ ਵਿਦਿਆਰਥੀ ਨੂ ਸਜ਼ਾ ਦੇਂਦੇ ਹਨ?

ਜ: ਨਹੀ, ਅਕਸਰ ਸਾਰੇ ਘੱਟ ਕਾਰਗੁਜ਼ਾਰੀ ਸਕੂਲਾਂ ਵਿੱਚ ਅੱਜਕਲ ਵਿਦਿਆਰਥੀ ਘੱਟ ਉਮੀਦ ਤੇ ਰਖੇ ਜਾਂਦੇ ਹਨ । ਨਯੂ ਯਾਰ੍ਕ ਨੇ ਰਾਜ ਦੇ ਆਮ ਕੋਰ ਮਿਆਰ ਨੂੰ ਇਸ ਲਈ ਅਪਣਾਇਆ ਤਾਕਿ ਸਾਰੇ ਵਿਦਿਆਰਥੀ ਇਕ ਸ਼ਾਨਦਾਰ ਸਿੱਖਿਆ ਪ੍ਰਾਪਤ ਕਰਣ।

Glossary- ਸ਼ਬਦਾਵਲੀ:

- Shift-ਸਿਫਟ- ਪਰਵਰਤਨ - ਇੱਕ ਤਬਦੀਲੀ ਕਿ ਕਿਵੇਂ ਅਧਿਆਪਕ ਸਿੱਖਿਆ ਦੇਂਦੇ ਨੇ ਤੇ ਕਿਵੇਂ ਵਿਦਿਆਰਥੀ ਸਿਖਦੇ ਨੇ।
- Text-ਟੇਕ੍ਸਟ -ਪਾਠ- ਕੋਈ ਵੀ ਲਿਖਿਆ ਕੰਮ।
- Non-fiction- ਨੋਣ -ਫ਼ਿਕਸ਼ਨ -ਗੈਰ-ਗਲਪ-ਅਸਲੀ ਜੀਵਨ ਘਟਨਾ ਜ ਤੱਥ ਬਾਰੇ ਪਾਠ
- Evidence-ਇਵੀਡੈਂਸ - ਸਬੂਤ- ਪਾਠ ਤੋਂ ਸਬੂਤ ਦੇ ਟੁਕੜੇ

- Arguments-ਆਰਗੂਮਿੰਟ- ਤਰਕ -ਵਿਦਿਆਰਥੀ ਕਿਸੇ ਵਿਅਕਤੀ ਨੂੰ ਕਿਸ ਤਰਾਂ ਯਕੀਨ ਕਰਾਂਦੇ ਏ।
- Judgment-ਜਜਮੇਂਟ –ਨਿਰਣੇ -ਇਕ ਵਿਦਿਆਰਥੀ ਦੇ ਸਿੱਟੇ ਕਿ ਉਸ ਨੇ ਕਿਸ ਬਾਰੇ ਪੜ੍ਹਿਆ ਹੈ
- Focus-ਫ਼ੋਕਸ - ਧਯਾਨ ਕਰਨਾ - ਘੱਟ ਵਿਸ਼ੇ 'ਤੇ ਹੋਰ ਸਿਖਣਾ
- Speed and Accuracy-ਸਪੀਡ ਏਂਡ ਅਕੁਰੇਸੀ - ਰਫਤਾਰ ਅਤੇ ਦਰੁਸਤੀ - ਇੱਕ ਵਿਦਿਆਰਥੀ ਗਣਿਤ ਸਮੱਸਿਆ ਦਾ ਠੀਕ ਹੱਲ ਕਿੰਨੀ ਤੇਜ਼ੀ ਨਾਲ ਕਰ ਸਕਦਾ ਹੈ।

Sources-ਸਰੋਤ:

- Common Core State Standards Initiatives-ਰਾਜ ਦੇ ਆਮ ਕੋਰ ਮਿਆਰ ਦਾ ਯਤਨ: http://www.corestandards.org/
- Council of Great City Schools-ਮਹਾਨ ਸ਼ਹਿਰ ਦੇ ਸਕੂਲਾਂ ਦੀ ਕੌਂਸਲ: http://www.cgcs.org
- EngageNY- ਨਿਊ ਯਾਰ੍ਕ ਨੂ ਵਿਅਸਤ ਕਰਨਾ: www.engageny.org
- National PTA-ਕੌਮੀ ਪ. ਟੀ. ਏ. : http://pta.org

---

1. Civic Enterprises. *The silent Epidemic: Perspectives of High School Dropouts.* March 2006. http://www.saanys.org/uploads/content/TheSilentEpidemic-ExecSum.pdf